ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
**ਐਸ.ਸੀ.ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172- 2623207, 2620106**
**ਫੈਕਸ:0172-2624687, ਈ-ਮੇਲ: ssa.punjab@yahoo.com**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।

ਸਮੂਹ ਕਮਿਊਨਿਟੀ ਕੋਆਰਡੀਨੇਟਰਜ਼ (ਵੈੱਬ ਸਾਈਟ ਰਾਹੀਂ)

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ/91611-91631

ਮਿਤੀ: ਚੰਡੀਗੜ੍ਹ 21.11.2011

**ਵਿਸ਼ਾ:-** **ਕਮਿਊਨਿਟੀ ਟ੍ਰੇਨਿੰਗ ਦੀ ਗ੍ਰਾਂਟ ਭੇਜਣ ਅਤੇ ਮੀਟਿੰਗ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਨਾਨ ਰੈਜੀਡੈਂਸ਼ੀਅਲ ਕਮਿਊਨਿਟੀ ਟ੍ਰੇਨਿੰਗ ਲਈ ਜਾਰੀ ਗ੍ਰਾਂਟ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਲ੍ਹਿਆਂ ਨੂੰ ਜਾਰੀ ਹੋਈ ਗ੍ਰਾਂਟ ਦਾ 25% ਪਹਿਲਾ ਭੇਜਿਆ ਸੀ ਅਤੇ ਹੁਣ ਜਾਰੀ ਕੀਤੀ ਗਈ ਰਹਿੰਦੀ ਗ੍ਰਾਂਟ ਵਿੱਚੋਂ ਜਿਲ੍ਹੇ ਦੀ ਪਿਛਲੇ ਸਾਲ ਦੀ ਬਚਦੀ ਗ੍ਰਾਂਟ ਨੂੰ ਕੱਟ ਕੇ ਗ੍ਰਾਂਟ ਜਾਰੀ ਕੀਤੀ ਗਈ ਹੈ। ਇਸ ਤਰ੍ਹਾਂ ਨਾਨ ਰੈਜੀਡੈਂਸ਼ੀਅਲ ਕਮਿਊਨਿਟੀ ਟ੍ਰੇਨਿੰਗ ਦੀ ਪੂਰੀ ਗ੍ਰਾਂਟ ਆਪ ਨੂੰ ਭੇਜੀ ਜਾ ਚੁੱਕੀ ਹੈ। ਇਸ ਸਬੰਧੀ ਹੋਰ ਕੋਈ ਗ੍ਰਾਂਟ ਨਹੀਂ ਜਾਰੀ ਹੋਵੇਗੀ।

3.0 ਨਾਨ ਰੈਜੀਡੈਂਸ਼ੀਅਲ ਕਮਿਊਨਿਟੀ ਟ੍ਰੇਨਿੰਗ ਗ੍ਰਾਂਟ ਨੂੰ ਸਕੂਲਾਂ ਵਿੱਚ ਵੰਡਣ ਸਮੇਂ, ਜਿਨ੍ਹਾਂ ਸਕੂਲਾਂ ਕੋਲ ਪਿਛਲੇ ਸਾਲ ਦੀ ਗ੍ਰਾਂਟ ਬਚੀ ਹੈ, ਉਹਨਾਂ ਨੂੰ ਇਹ ਗ੍ਰਾਂਟ ਨਾ ਦਿੱਤੀ ਜਾਵੇ।

4.0 ਕਮਿਊਨਿਟੀ ਮੋਬਲਾਈਜੇਸ਼ਨ ਲਈ ਜਾਰੀ ਕੀਤੀ 40,000 ਰੁ. ਦੀ ਗ੍ਰਾਂਟ ਨਾਨ ਰੈਜੀਡੈਂਸ਼ੀਅਲ ਕਮਿਊਨਿਟੀ ਟ੍ਰੇਨਿੰਗ ਦਾ ਹਿੱਸਾ ਨਹੀਂ ਹੈ।

5.0 ਨਾਨ ਰੈਜੀਡੈਂਸ਼ੀਅਲ ਕਮਿਊਨਿਟੀ ਟ੍ਰੇਨਿੰਗ ਲਈ ਸਕੂਲਾਂ/ਪਸਵਕ/ਸ਼ਸਵਕ ਨੂੰ ਭੇਜੀ ਗ੍ਰਾਂਟ ਦਾ ਪਹਿਲਾ ਜਾਰੀ ਹਦਾਇਤਾ ਮੁਤਾਬਕ ਹਰ ਮਹੀਨੇ ਮੀਟਿੰਗ ਲਈ ਬਣਦੇ ਖਰਚੇ ਦਾ 100% ਖਰਚ ਕਰਕੇ ਹਰ ਮਹੀਨੇ ਰਿਪੋਰਟ ਸਹੀ ਤਰ੍ਹਾਂ ਇਸ ਦਫਤਰ ਨੂੰ ਭੇਜੀ ਜਾਵੇ।

6.0 ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਜਿਲ੍ਹਿਆਂ ਵਲੋਂ ਮਹੀਨਾਵਾਰ ਰਿਪੋਰਟ ਵਿੱਚ ਵਿੱਤੀ ਖਰਚ ਦੀ ਸੂਚਨਾ ਨਿਲ ਭੇਜੀ ਜਾ ਰਹੀ ਹੈ। ਜਦ ਕਿ ਜਿਲ੍ਹਿਆਂ ਵਲੋਂ ਗ੍ਰਾਂਟ ਸਕੂਲਾਂ/ਪਸਵਕ/ਸ਼ਸਵਕ ਭੇਜੀ ਜਾਂਦੀ ਹੈ। ਇਸ ਲਈ ਉਹਨਾਂ ਦਾ ਮੀਟਿੰਗ/ਟ੍ਰੇਨਿੰਗ ਤੇ ਹੁੰਦਾ ਖਰਚਾ ਦਰਸਾਉਣਾ ਬਣਦਾ ਹੈ। ਇਸ ਲਈ ਮੁੱਖ ਦਫਤਰ ਨੂੰ ਅਪ੍ਰੈਲ ਤੋਂ ਨਵੰਬਰ ਤੱਕ ਹੋਈ ਭੌਤਿਕ ਪ੍ਰਗਤੀ ਅਤੇ ਵਿੱਤੀ ਖਰਚ ਦੀ ਮੁਕੰਮਲ ਸੂਚਨਾ ਜਿਲ੍ਹਾ ਸਿੱਖਿਆ ਅਫ਼ਸਰ ਵਲੋਂ ਪ੍ਰਤੀ ਹਸਤਾਖ਼ਰ ਕਰਕੇ ਮਿਤੀ: 02-12-2011 ਨੂੰ ਕੋਆਰਡੀਨੇਟਰ ਕਮਿਊਨਿਟੀ ਮੋਬਲਾਈਜੇਸ਼ਨ ਦੀ ਮੀਟਿੰਗ ਵਿੱਚ ਭੇਜੀ/ਲਿਆਂਦੀ ਜਾਵੇ। ਇਹ ਮੀਟਿੰਗ ਦਾ ਸਮਾਂ 11.00 ਵਜੇ ਹੋਵੇਗਾ ਅਤੇ ਇਹ ਸਰਵ ਸਿੱਖਿਆ ਅਭਿਆਨ ਦੇ ਮੁੱਖ ਦਫ਼ਤਰ ਦੇ ਕਾਨਫਰੰਸ ਹਾਲ ਵਿੱਚ ਹੋਵੇਗੀ।

7.0 ਇਸ ਦਫ਼ਤਰ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਕਈ ਸਕੂਲਾਂ ਵਲੋਂ ਕਮਿਊਨਿਟੀ ਟ੍ਰੇਨਿੰਗ ਤਹਿਤ ਹਰ ਮਹੀਨੇ ਪਸਵਕ/ਸਸਵਕ ਦੀ ਮੀਟਿੰਗ ਨਹੀਂ ਕਰਵਾਈ ਜਾ ਰਹੀ, ਪਰ ਆਪ ਵੱਲੋਂ ਸਬੰਧਤ ਸਕੂਲ/ਬੀ.ਆਰ.ਪੀ/ਬੀ.ਪੀ.ਈ.ਓ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਜੋ ਕਿ ਇੱਕ ਗੰਭੀਰ ਮੁੱਦਾ ਹੈ। ਇਸ ਤਰ੍ਹਾਂ ਕਰਨਾ ਵਿਭਾਗੀ ਹਦਾਇਤਾਂ ਦੀ ਉਲੰਘਣਾ ਕਰਨਾ ਹੈ। ਹਦਾਇਤ ਮੁਤਾਬਕ ਹਰ ਮਹੀਨੇ ਦੀ ਸੱਤ ਤਾਰੀਖ ਤੱਕ ਇਸ ਮੀਟਿੰਗ ਦਾ ਕਰਨਾ ਯਕੀਨੀ ਬਣਾਇਆ ਜਾਵੇ। ਜੇਕਰ ਆਪ ਦੇ ਜਿਲ੍ਹੇ ਵਿੱਚ ਕਿਸੇ ਵੀ ਸਕੂਲ ਵਿੱਚ ਇਸ ਤਰ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਇਸ ਲਈ ਸਬੰਧਤ ਜਿਲ੍ਹੇ ਦਾ ਅਧਿਕਾਰੀ ਅਤੇ ਸਬੰਧਤ ਸਕੂਲ ਮੁਖੀ ਜਿੰਮੇਵਾਰ ਹੋਵੇਗਾ।

8.0 ਰੈਜੀਡੈਂਸ਼ੀਅਲ ਟ੍ਰੇਨਿੰਗ ਦੀ ਗ੍ਰਾਂਟ ਪਹਿਲੀ ਕਿਸ਼ਤ ਦੇ ਰੂਪ ਵਿੱਚ ਆਪ ਜੀ ਨੂੰ ਹੇਠ ਲਿਖੇ ਅਨੁਸਾਰ ਭੇਜੀ ਜਾ ਚੁੱਕੀ ਹੈ:

| ਲੜੀ ਨੰ. | ਜਿਲ੍ਹਾ | ਕਮਿਊਨਿਟੀ ਟ੍ਰੇਨਿੰਗ ਰੈਜੀਡੈਂਸ਼ੀਅਲ (1st installment) |
|---|---|---|
| 1 | ਅੰਮ੍ਰਿਤਸਰ | 33.74000 |
| 2 | ਬਰਨਾਲਾ | 6.84500 |
| 3 | ਬਠਿੰਡਾ | 15.09000 |
| 4 | ਫਰੀਦਕੋਟ | 9.23000 |
| 5 | ਫਤਹਿਗੜ੍ਹ ਸਾਹਿਬ | 16.81500 |
| 6 | ਫਿਰੋਜਪੁਰ | 42.90500 |
| 7 | ਗੁਰਦਾਸਪੁਰ | 56.14000 |
| 8 | ਹੁਸ਼ਿਆਰਪੁਰ | 46.63500 |
| 9 | ਜਲੰਧਰ | 36.17500 |
| 10 | ਕਪੂਰਥਲਾ | 20.97000 |
| 11 | ਲੁਧਿਆਣਾ | 37.67500 |
| 12 | ਮਾਨਸਾ | 11.62500 |
| 13 | ਮੋਗਾ | 14.62500 |
| 14 | ਮੋਹਾਲੀ | 15.46000 |
| 15 | ਮੁਕਤਸਰ | 13.13000 |
| 16 | ਨਵਾਂਸ਼ਹਿਰ | 16.68000 |
| 17 | ਪਟਿਆਲਾ | 35.57000 |
| 18 | ਰੋਪੜ | 22.35500 |
| 19 | ਸੰਗਰੂਰ | 24.75000 |
| 20 | ਤਰਨ ਤਾਰਨ | 19.61500 |
| | **ਕੁੱਲ** | **496.03000** |

9.0 ਰੈਜੀਡੈਂਸ਼ੀਅਲ ਟ੍ਰੇਨਿੰਗ ਜਿਹੜੀ ਕਿ ਬਲਾਕ ਪੱਧਰ ਤੇ ਕਰਵਾਈ ਜਾਣੀ ਹੈ, ਦੀ ਮਾਈਕਰੋ ਪਲਾਨ ਬਣਾ ਕੇ ਲਿਆਂਦੀ ਜਾਵੇ। ਇਸ ਟ੍ਰੇਨਿੰਗ ਦੀਆਂ ਮਿਤੀਆਂ ਰੈਜੀਡੈਂਸ਼ੀਅਲ ਟ੍ਰੇਨਿੰਗ ਲਈ ਕੀਤੇ ਜਾ ਰਹੇ ਮਾਡਿਊਲ, ਡੀ.ਵੀ.ਡੀ. ਦੇ ਮਿਲਣ ਤੇ ਤੈਅ ਕਰ ਲਈਆਂ ਜਾਣਗੀਆਂ।

**-ਸਹੀ-**
**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਉਤਾਰਾ** : ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

1. ਡੀ.ਐਮ. (ਐਮ.ਆਈ.ਐਸ), ਵੈੱਬ ਸਾਈਟ ਲਈ